# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2010/22165-22205
ਮਿਤੀ,ਚੰਡੀਗੜ੍ਹ 28-4-2011

ਵਿਸ਼ਾ :- ਇੰਸਪਾਇਰ ਐਵਾਰਡ ਸਬੰਧੀ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀਆਂ ਕਰਵਾਉਣ ਲਈ ਹਦਾਇਤਾਂ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਦਿਆਰਥੀਆਂ ਵਿਚ ਸਾਇੰਸ, ਗਣਿਤ ਅਤੇ ਇੰਜੀਨਿਰਿੰਗ ਵਿਸ਼ਿਆਂ ਪ੍ਰਤੀ ਛਿਪੀ ਪ੍ਰਤਿਭਾ ਨੂੰ ਉਭਾਰਨ ਅਤੇ ਨੰਨੇ ਸਾਇੰਸ ਦਾਨ ਤਿਆਰ ਕਰਨ ਲਈ ਜ਼ਿਲ੍ਹਾ ਪੱਧਰੀ ਇੰਸਪਾਇਰ ਐਵਾਰਡ ਦੀਆਂ ਪ੍ਰਦਰਸ਼ਨੀਆਂ ਮਿਤੀ 23.5.2011 ਤੋਂ ਮਿਤੀ 28.5.2011 ਤੱਕ ਲਗਾਈਆਂ ਜਾ ਰਹੀਆਂ ਹਨ ।ਜਿਸ ਲਈ ਪਹਿਲੇ ਤਿੰਨ ਦਿਨ ਮਿਤੀ 23.5.2011 ਤੋਂ ਮਿਤੀ 25.5.2011 ਤੱਕ ਜੂਨੀਅਰ ਵਰਗ ਦੇ ਵਿਦਿਆਰਥੀਆਂ ਦੀ ਪ੍ਰਦਰਸ਼ਨੀ ਲਾਈ ਜਾਵੇ ਅਤੇ ਮਿਤੀ 26.5.2011 ਤੋਂ ਮਿਤੀ 28.5.2011 ਤੱਕ ਸੀਨੀਅਰ ਵਰਗ ਦੇ ਵਿਦਿਆਰਥੀਆਂ ਲਈ ਪ੍ਰਦਰਸ਼ਨੀ ਲਗਾਈ ਜਾਵੇ।ਇਸ ਪ੍ਰਤੀ ਡੀ.ਐਸ.ਟੀ.ਨਵੀਂ ਦਿੱਲੀ ਵੱਲੋਂ ਕੁੱਝ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਮੁੱਖ ਰੱਖਦਿਆਂ ਹੋਇਆਂ ਅਤੇ ਪ੍ਰਦਰਸ਼ਨੀਆਂ ਨੂੰ ਸੁਚਾਰੂ ਰੂਪ ਵਿੱਚ ਕਰਵਾਉਣ ਲਈ ਹੇਠ ਲਿਖੀਆਂ ਹਦਾਇਤਾਂ ਦਾ ਧਿਆਨ ਰੱਖਿਆ ਜਾਵੇ :-

2.1 ਵੱਖ-ਵੱਖ ਜ਼ਿਲ੍ਹਿਆਂ ਵਿੱਚ ਪ੍ਰਦਰਸ਼ਨੀਆਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:

ੳ. ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਮਾਨਸਾ , ਮੋਗਾ, ਮੁਕਤਸਰ,ਸ਼ਹੀਦ ਭਗਤ ਸਿੰਘ ਨਗਰ, ਪਟਿਆਲਾ, ਤਰਨ ਤਾਰਨ ਆਦਿ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਵਾਈਜ਼ ਇੱਕ-ਇੱਕ ਹੀ ਪ੍ਰਦਰਸ਼ਨੀ ਲਗਾਈ ਜਾਵੇਗੀ।

ਅ. ਅੰਮ੍ਰਿਤਸਰ, ਫਿਰੋਜ਼ਪੁਰ, ਗੁਰਦਾਸਪੁਰ, ਲੁਧਿਆਣਾ ਜ਼ਿਲ੍ਹਿਆਂ ਵਿੱਚ ਜ਼ਿਲ੍ਹਾ ਵਾਈਜ਼ ਦੋ-ਦੋ ਪ੍ਰਦਰਸ਼ਨੀਆਂ ਹੀ ਲਗਾਈਆਂ ਜਾਣਗੀਆਂ।

ੲ. ਬਰਨਾਲਾ ਜ਼ਿਲ੍ਹੇ ਦੀ ਪ੍ਰਦਰਸ਼ਨੀ ਜਿਲ੍ਹਾ ਸੰਗਰੂਰ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਦੇਖ-ਰੇਖ ਵਿੱਚ ਇੱਕਠੀ ਹੋਵੇਗੀ।

ਸ. ਬਠਿੰਡਾ ਜ਼ਿਲ੍ਹੇ ਦੀ ਪ੍ਰਦਰਸ਼ਨੀ ਜ਼ਿਲਾ ਫਰੀਦਕੋਟ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਦੇਖ-ਰੇਖ ਵਿੱਚ ਇੱਕਠੀ ਹੋਵੇਗੀ।

ਹ. ਕਪੂਰਥਲਾ ਜ਼ਿਲ੍ਹੇ ਦੀ ਪ੍ਰਦਰਸ਼ਨੀ ਜ਼ਿਲ੍ਹਾ ਜਲੰਧਰ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਦੇਖ-ਰੇਖ ਵਿੱਚ ਇੱਕਠੀ ਹੋਵੇਗੀ।

ਕ. ਰੂਪ ਨਗਰ ਜ਼ਿਲ੍ਹੇ ਦੀ ਪ੍ਰਦਰਸ਼ਨੀ ਐਸ.ਏ.ਐਸ.ਨਗਰ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਦੇਖ-ਰੇਖ ਵਿੱਚ ਇੱਕਠੀ ਹੋਵੇਗੀ।

2.3 ਜ਼ਿਲ੍ਹਾ ਪ੍ਰਦਰਸ਼ਨੀਆਂ ਦਾ ਕੁੱਲ ਪ੍ਰਬੰਧ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਦੇਖ-ਰੇਖ ਵਿੱਚ ਹੋਵੇਗਾ ਅਤੇ ਇਸ ਦਾ ਨੋਡਲ ਅਫ਼ਸਰ ਸਬੰਧਤ ਜਿਲ੍ਹਾ ਸਾਇੰਸ ਸੁਪਰਵਾਈਜਰ ਹੋਵੇਗਾ।

2.4 ਸਮੂਹ ਜ਼ਿਲ੍ਹਾ ਨੋਡਲ ਅਫ਼ਸਰਾਂ ਨੂੰ ਫਿਜਿਕਲ ਅਤੇ ਫਾਈਨਾਸ਼ੀਅਲ ਸਹੀ ਢੰਗ ਨਾਲ ਰਿਕਾਰਡ ਮੇਨਟੇਨ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

2.5 ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ, ਹਾਜ਼ਰੀ ਸ਼ੀਟ ਵਿਦਿਆਰਥੀਆਂ ਦੇ ਵੇਰਵੇ ਸਮੇਤ ਦਾ ਰਿਕਾਰਡ ਰੱਖਿਆ ਜਾਵੇ।

2.6 ਜਿਊਰੀ ਦੇ ਮੈਂਬਰਾਂ ਵੱਲੋਂ ਸਾਰੇ ਪ੍ਰੋਜੈਕਟਾਂ ਦਾ ਮੁਲਾਂਕਣ ਕਰਨਾ ਲਾਜ਼ਮੀ ਹੋਵੇਗਾ ਤਾਂ ਜੋ ਸਭ ਤੋਂ ਵਧੀਆਂ ਪ੍ਰੋਜੈਕਟ ਰਾਜ ਪੱਧਰ ਲਈ ਚੁਣੇ ਜਾ ਸਕਣ। ਇਸ ਵਾਸਤੇ ਜਿਊਰੀ ਵਿੱਚ ਤਿੰਨ ਮੈਂਬਰ ਹੋਣਗੇ ਜਿੰਨਾਂ ਵਿੱਚੋਂ ਦੋ ਮੈਂਬਰ ਜ਼ਿਲ੍ਹਾ ਪੱਧਰ ਤੋਂ ਲਏ ਜਾਣਗੇ ਅਤੇ ਇੱਕ ਨੁਮਾਇੰਦਾ ਡੀ.ਐਸ.ਟੀ., ਨਵੀਂ ਦਿੱਲੀ ਵੱਲੋਂ ਭੇਜਿਆ ਜਾਵੇਗਾ।

2.7 ਹਰੇਕ ਜ਼ਿਲ੍ਹਾ ਪੱਧਰੀ ਦੀ ਵੀਡੀਓ ਗ੍ਰਾਫ਼ੀ ਅਤੇ ਫੋਟੋਗ੍ਰਾਫ਼ੀ ਕਰਾਉਣਾ ਜ਼ਰੂਰੀ ਹੈ ਅਤੇ ਪਰਦਰਸ਼ਨੀ ਤੋਂ ਤੁਰੰਤ ਬਾਅਦ ਇਸ ਦੀਆਂ ਇਲੈਕਟ੍ਰੋਨਿਕ ਕਾਪੀਆਂ ਸਟੇਟ ਪੱਧਰ ਤੇ ਪਹੁੰਚਾਉਣਾ ਲਾਜ਼ਮੀ ਹੋਵੇਗਾ।

2.8 ਜਿਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਤਸਾਹਨ ਰਾਸ਼ੀ ਮਿਲ ਚੁੱਕੀ ਹੈ, ਉਨ੍ਹਾਂ ਪ੍ਰਤੀ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲ ਮੁੱਖੀ ਵੱਲੋਂ ਵਿਦਿਆਰਥੀ ਦਾ ਬੈਂਕ ਵਾਰੰਟ ਕੈਸ਼

ਕਰਾ ਲਿਆ ਗਿਆ ਹੈ ਅਤੇ ਵਿਸ਼ਾ ਅਧਿਆਪਕ ਉਸ ਦੇ ਮਾਡਲ ਦੀ ਤਿਆਰੀ ਵਿੱਚ ਯੋਗ ਅਗਵਾਈ ਕਰ ਰਿਹਾ ਹੈ।

2.9 ਵਿਦਿਆਰਥੀ ਦੁਆਰਾ ਮਾਡਲ ਤਿਆਰ ਕਰਵਾ ਕੇ, ਵਿਦਿਆਰਥੀ ਅੰਦਰ ਛਿਪੀ ਸਾਇੰਸ ਪ੍ਰਤਿਭਾ ਨੂੰ ਉਭਾਰਨਾ ਅਤੇ ਪ੍ਰੋਤਸਾਹਨ ਦੇਣਾ ਹੈ। ਜੇਕਰ ਜੱਜਮੈਂਟ ਵੇਲੇ ਜਿਊਰੀ ਰਾਹੀਂ ਇਹ ਪਤਾ ਚਲਦਾ ਹੈ ਕਿ ਬਾਜਾਰ ਵਿੱਚੋਂ ਖਰੀਦਿਆ ਮਾਡਲ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ ਤਾਂ ਇਸ ਪ੍ਰਤੀ ਕੀਤੀ ਕੁਤਾਹੀ ਲਈ ਵਿਸ਼ਾ ਅਧਿਆਪਕ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇਗੀ।

2.10 ਹਰ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਵਿੱਚੋਂ ਹਰ ਵਰਗ ਦੇ ਉਤਮ 5% ਵਿਦਿਆਰਥੀ ਸੀਨੀਅਰ ਅਤੇ ਜੂਨੀਅਰ ਗਰੁੱਪਾਂ ਵਿੱਚੋਂ ਰਾਜ ਪੱਧਰੀ ਪ੍ਰਦਰਸ਼ਨੀ ਵਿੱਚ ਹਿੱਸਾ ਲੈਣ ਲਈ ਚੁਣੇ ਜਾਣ। ਜੇਕਰ ਪ੍ਰਦਰਸ਼ਨੀ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਹੋਵੇ ਤਾਂ ਘੱਟੋ-ਘੱਟ ਪੰਜ ਵਿਦਿਆਰਥੀ ਜ਼ਰੂਰ ਚੁਣੇ ਜਾਣ।

2.11.0 ਖਰਚੇ ਸਬੰਧੀ ਜ਼ਰੂਰੀ ਹਦਾਇਤਾਂ :-

2.11.1 ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਲਈ ਵਿਦਿਆਰਥੀਆਂ ਦਾ ਆਉਣ ਜਾਣ ਦਾ ਖਰਚਾ (ਘਰ ਤੋਂ ਪ੍ਰਦਰਸ਼ਨੀ ਦੇ ਸਥਾਨ ਤੱਕ) ਵਿਦਿਆਰਥੀ ਨੂੰ ਮਿਲਣ ਵਾਲੀ ਪ੍ਰੋਤਸਾਹਨ ਰਾਸ਼ੀ ਪੰਜ ਹਜ਼ਾਰ ਵਿੱਚੋਂ ਹੀ ਕੀਤਾ ਜਾਵੇਗਾ। ਜਿਸ ਲਈ ਹਰ ਵਿਦਿਆਰਥੀ ਦੁਆਰਾ 2500/- ਰੁਪਏ ਤੱਕ ਮਾਡਲ ਬਣਾਉਣ ਦਾ ਖਰਚਾ ਕੀਤਾ ਜਾ ਸਕਦਾ ਹੈ ਅਤੇ 2500/- ਆਉਣ ਜਾਣ ਲਈ ਖਰਚਾ ਕੀਤਾ ਜਾ ਸਕਦਾ ਹੈ।

2.11.2 ਜ਼ਿਲ੍ਹਾ ਪ੍ਰਦਰਸ਼ਨੀ ਲਈ ਗਾਈਡ ਅਧਿਆਪਕਾਂ ਦਾ ਬਣਦਾ ਟੀ.ਏ./ਡੀ.ਏ. (**actual Bus fair**) ਜ਼ਿਲ੍ਹਾ ਪ੍ਰਦਰਸ਼ਨੀ ਨੂੰ ਮਿਲਣ ਵਾਲੇ ਖਰਚੇ ਵਿੱਚੋਂ ਪੰਜਾਬ ਸਰਕਾਰ ਦੇ ਟੀ.ਏ./ਡੀ.ਏ. ਦੇ ਨਿਯਮਾਂ ਅਨੁਸਾਰ ਹੀ ਦਿੱਤਾ ਜਾਵੇਗਾ।

2.11.3 ਕਿਸੇ ਖਾਸ ਲੋੜਵੰਦ ਕੇਸ ਵਿੱਚ ਜੇਕਰ ਕੋਈ ਵਿਦਿਆਰਥੀ ਅੰਗਹੀਣ ਹੋਵੇ ਤਾਂ ਲੜਕੀਆਂ ਦੇ ਕੇਸ ਵਿੱਚ ਜੇਕਰ ਪ੍ਰਦਰਸ਼ਨੀ ਦਾ ਸਥਾਨ ਦੂਰ ਹੋਣ ਕਾਰਨ ਉਸ ਨਾਲ ਆਏ ਉਸ ਦੇ ਮਾਪਿਆਂ ਦੇ ਠਹਿਰਣ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

2.11.4 ਜਿਊਰੀ ਮੈਂਬਰਾਂ ਨੂੰ ਠਹਿਰਾਉਣ ਲਈ ਖਰਚਾ ਕੀਤਾ ਜਾ ਸਕਦਾ ਹੈ ਅਤੇ ਲੋਕਲ ਜਿਊਰੀ ਮੈਂਬਰਾਂ ਨੂੰ ਬਣਦਾ ਟੀ.ਏ./ਡੀ.ਏ. ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ ਤੋਂ ਵੱਖਰਾ ਹੋਵੇਗਾ।

2.11.5 ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਦੇ ਪ੍ਰਬੰਧਕ ਖਰਚਿਆਂ ਦੇ ਵਿੱਚ ਇੰਸਪਾਇਰ ਐਵਾਰਡ ਦੇ ਪ੍ਰੋਗਰਾਮ ਪ੍ਰਤੀ ਪ੍ਰਚਾਰ ਅਤੇ ਇਸ਼ਤਿਹਾਰ ਲਈ ਕੁੱਝ ਖਰਚਾ ਕੀਤਾ ਜਾ ਸਕਦਾ ਹੈ।

3.0 ਸਮੂਹ ਡੀ.ਐਸ.ਐਸ.ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇੰਸਪਾਇਰ ਐਵਾਰਡ ਦੇ ਪ੍ਰਾਪਤ ਕਰ ਚੁੱਕੇ ਬੈਂਕ ਵਾਰੰਟਸ ਵਾਲੇ ਵਿਦਿਆਰਥੀਆਂ ਦੇ ਸਕੂਲ ਮੁੱਖੀਆਂ ਤੋਂ ਯਕੀਨੀ ਬਣਾਇਆ ਜਾਵੇ ਕਿ ਸਕੂਲ ਮੁੱਖੀ ਵੱਲੋਂ ਵਿਦਿਆਰਥੀ ਨੂੰ ਮਿਲਣ ਵਾਲੀ ਪ੍ਰੋਤਸਾਹਨ ਰਾਸੀ ਕੈਸ਼ ਕਰਵਾ ਦਿੱਤੀ ਗਈ ਹੈ ਅਤੇ ਪ੍ਰੋਤਸ਼ਾਹਨ ਰਾਸ਼ੀ ਪ੍ਰਾਪਤ ਕਰਨ ਵਾਲਾ ਹਰ ਵਿਦਿਆਰਥੀ, ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀਆਂ ਵਿੱਚ ਲਾਜ਼ਮੀ ਤੌਰ ਤੇ ਹਿੱਸਾ ਲਏ। ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਡੀ.ਐਸ.ਐਸ.ਅਤੇ ਸਕੂਲ ਮੁੱਖੀ ਜ਼ਿੰਮੇਵਾਰ ਹੋਵੇਗਾ।

4.0 ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀਆਂ ਦਾ ਸਾਰਾ ਖਰਚਾ ਸਾਲ 2009-10 ਦੀ ਜ਼ਿਲ੍ਹਾ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਦੇ ਭੇਜੇ ਗਏ ਬਕਾਇਆ ਫੰਡਾਂ ਵਿਚੋਂ ਕੀਤਾ ਜਾਵੇਗਾ।

5.0 ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀਆਂ ਕਰਵਾਉਣ ਲਈ ਜਗ੍ਹਾ ਅਤੇ ਜਿਊਰੀ ਮੈਂਬਰਾਂ ਦੇ ਵੇਰਵੇ ਮਿਤੀ 08.05.2011 ਤੱਕ ਜਲਦ ਤੋਂ ਜਲਦ ਹੈੱਡ ਆਫਿਸ ਭੇਜੇ ਜਾਣ ਤਾਂ ਜੋ ਡੀ.ਐਸ.ਟੀ., ਦਿੱਲੀ ਨੂੰ ਜਿਊਰੀ ਮੈਂਬਰ ਅਤੇ **Venue** ਬਾਰੇ ਸੂਚਿਤ ਕੀਤਾ ਜਾਵੇਗਾ।ਇਹ ਯਕੀਨੀ ਬਣਾਇਆ ਜਾਵੇ ਕਿ ਜ਼ਿਲ੍ਹਾ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ ਹਰ ਵਿਦਿਆਰਥੀ ਅਤੇ ਅਧਿਆਪਕ ਨੂੰ ਇਹ ਮਿਤੀਆਂ ਅਗਾਂਊ ਨੋਟ ਕਰਵਾਈਆਂ ਜਾਣ।

6.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ